# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ੍ਹ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ: ਸ.ਸ.ਅ/ਡਿ.ਐਸ.ਪੀ.ਡੀ(ਕੇ)/ਆਰ.ਬੀ.ਸੀ/**29712-29731**
ਮਿੱਤੀ ਚੰਡੀਗੜ੍ਹ:**17-03-2010**

**ਵਿਸ਼ਾ: -** **ਸਾਲ 2010-11 ਦੌਰਾਨ ਰਿਹਾਇਸ਼ੀ ਬ੍ਰਿਜਕੋਰਸ ਕੇਂਦਰ (ਆਰ.ਬੀ.ਸੀ) ਖੋਲਣ ਲਈ ਦਿਸ਼ਾ ਨਿਰਦੇਸ਼**

**1.0** ਉਪਰੋਕਤ ਵਿਸ਼ੇ ਤੇ ਮਿਤੀ 15-03-2010 ਨੂੰ ਹੋਈ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰਿਵਿਉ ਮੀਟਿੰਗ ਵਿਚ ਫੈਸਲਾਂ ਲਿਆ ਗਿਆ ਕਿ ਸਾਲ 2010-11 ਦੌਰਾਨ ਸਰਵ ਸਿੱਖਿਆਂ ਅਭਿਆਨ ਅਥਾਰਟੀ, ਪੰਜਾਬ ਵਲੋਂ ਮੁਸ਼ਕਲ ਹਾਲਾਤਾਂ ਵਾਲੇ 8$^{+}$-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਉਹਨਾ ਦੀ ਉਮਰ ਅਤੇ ਮਾਨਸਿਕ ਪੱਧਰ ਅਨੁਸਾਰ ਰੈਗੂਲਰ ਸਕੂਲ ਲਈ ਤਿਆਰ ਕਰਨ ਹਿਤ ਰਿਹਾਇਸ਼ੀ ਬ੍ਰਿਜ ਕੋਰਸ ਕੇਂਦਰ ਵਿਭਾਗ ਵਲੋਂ ਚਲਾਏ ਜਾਣਗੇ (ਜ਼ਿਲ੍ਹਾਵਾਰ ਪ੍ਰਵਾਨਤ ਆਰ.ਬੀ.ਸੀ ਕੇਂਦਰ ਅਤੇ ਬੱਚਿਆਂ ਦਾ ਟੀਚਾ ਅਨੁਲਗ `**ੳ'** ਤੇ)। ਇਹਨਾ ਕੇਂਦਰਾਂ ਦੀਆ ਪ੍ਰੱਮੁਖ ਵਿਸ਼ੇਤਾਵਾਂ ਹੇਠ ਅਨੁਸਾਰ ਹੋਣਗੀਆਂ।

**ੳ)** **ਭੌਤਿਕ ਦਿਸ਼ਾ ਨਿਰਦੇਸ਼**

**I.** ਸਾਲ 2010-11 ਦੌਰਾਨ ਰਿਹਾਇਸ਼ੀ ਬ੍ਰਿਜ ਕੋਰਸ ਕੇਂਦਰ ਵਿਭਾਗ ਵਲੋਂ ਆਪਣੇ ਪੱਧਰ ਤੇ ਚਲਾਇਆ ਜਾਵੇਗਾ।

**II.** ਇਹ ਕੇਂਦਰ ਮਿਤੀ 15-04-2010 ਤੋਂ ਸ਼ੁਰੂ ਕਰਕੇ 15-01-2011 ਤੱਕ ਪੂਰੇ 9 ਮਹੀਨੇ ਵਾਸਤੇ ਚਲਾਏ ਜਾਣਗੇ।

**III.** ਇਕ ਆਰ.ਬੀ.ਸੀ ਕੇਂਦਰ 50 ਬੱਚਿਆਂ ਵਾਸਤੇ ਚਲਾਇਆ ਜਾਵੇਗਾ।

**IV.** ਇਹ ਕੇਂਦਰ ਪਹਿਲ ਦੇ ਅਧਾਰ ਤੇ ਮੌਜੂਦਾ ਸਕੂਲ ਇਮਾਰਤ ਜਾ ਕਿਰਾਏ/ਸਮਾਜ (ਭਾਈਚਾਰੇ) ਵਲੋਂ ਮੁਫਤ ਮੁੱਹਈਆ ਕੀਤੀ ਇਮਾਰਤ ਵਿਚ ਚਲਾਏ ਜਾਣਗੇ।

**V.** ਆਰ.ਬੀ.ਸੀ ਵਾਸਤੇ ਲਈ ਜਾਣ ਵਾਲੀ ਇਮਾਰਤ ਵਿਚ ਘੱਟ ਤੋ ਘੱਟ ਦੋ ਵੱਡੇ ਰਿਹਾਇਸ਼ੀ ਕਮਰੇ, ਦੋ ਕਲਾਸ ਰੂਮ, ਰਸੋਈ, ਡਾਇਨਿੰਗ ਰੂਮ, ਰੀਕ੍ਰਿਏਸ਼ਨ ਰੂਮ, ਚਾਰ ਬਾਥਰੂਮ ਅਤੇ ਚਾਰ ਪਖਾਨਿਆਂ (ਟਾਇਲੈਟਸ) ਦਾ ਹੋਣਾ ਜ਼ਰੂਰੀ ਹੈ।

**VI.** **ਸਟਾਫ ਦੀ ਭਰਤੀ ਸਬੰਧੀ** :- ਹਰੇਕ ਰੈਜ਼ੀਡੈਂਸ਼ੀਅਲ ਬ੍ਰਿਜਕੋਰਸ ਕੇਂਦਰ ਵਿਚ ਲੋੜੀਂਦਾ ਸਟਾਫ ਆਰਜੀ ਤੌਰ ਠੇਕੇ ਤੇ ਜ਼ਿ.ਸਿੱ. ਅਫਸਰ (ਐ.ਸਿੱ) ਵਲੋਂ ਪਸਵਕ/ਸ਼ਹਿਰੀ ਸਿੱਖਿਆਂ ਵਿਕਾਸ ਕਮੇਟੀ ਦੀ ਸਿਫਾਰਸ਼ ਦੇ ਅਧਾਰ ਤੇ ਪਾਰਦਰਸ਼ੀ ਤਰੀਕੇ ਨਾਲ ਅਤੇ ਮੈਰਿਟ ਦੇ ਅਧਾਰ ਤੇ ਸਥਾਨਕ ਰਿਹਾਇਸ਼ੀ ਨੂੰ ਤਰਜੀਹ ਦਿੱਤੀ ਜਾਵੇਗੀ। ਆਰ.ਬੀ.ਸੀ ਦੇ ਸਟਾਫ ਦੀ ਨਿਯੁਕਤੀ ਹੇਠ ਲਿਖੇ ਮਾਪਦੰਡ ਅਨੁਸਾਰ ਹੋਵੇਗੀ।

| **ਲੜੀ ਨੰ:** | **ਅਸਾਮੀ ਦਾ ਨਾਂ** | **ਯੋਗਤਾ** | **ਉਮਰ (ਸਾਲਾਂ ਵਿਚ)** | **ਮੇਹਨਤਾਨਾ** | **ਵਿਸ਼ੇਸ਼ ਕਥਨ** |
|---|---|---|---|---|---|
| 1. | ਵਾਰਡਨ-ਕਮ-ਆਰ.ਬੀ.ਸੀ ਵਲੰਟੀਅਰ | ਗੈਰਜੁਏਟ + ਅਕਾਉਂਟਸ ਅਤੇ ਦਫਤਰੀ ਪ੍ਰਬੰਧ ਵਿਚ ਇਕ ਸਾਲ ਦਾ ਤਜਰਬਾ | 25-45 | 5000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 1) ਇਸਤਰੀ ਵਾਰਡਨ ਨੂੰ ਤਰਜੀਹ ਦਿੱਤੀ ਜਾਵੇਗੀ। 2) 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 2. | ਆਰ.ਬੀ.ਸੀ ਵਲੰਟੀਅਰ | 10+2 | 20-35 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਦਿਨ ਦੇ ਸਮੇਂ ਕੇਂਦਰ ਵਿਚ ਹਾਜ਼ਰ ਰਹੇਗਾ |
| 3. | ਕੁੱਕ | ਪੰਜਵੀਂ ਪਾਸ + ਖਾਣਾ ਬਣਾਉਣ ਦਾ ਤਜਰਬਾ | 25-45 | 3500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 4. | ਹੈਲਪਰ | ਪੜ੍ਹਨ ਲਿੱਖਣ ਦੀ ਜਾਣਕਾਰੀ | 21-40 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 5. | ਧੋਬੀ-ਕਮ-ਸਫਾਈ ਸੇਵਕ | ਪੜ੍ਹਨ ਲਿੱਖਣ ਦੀ ਜਾਣਕਾਰੀ | 21-40 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | |
| 6. | ਚੌਕੀਦਾਰ-ਕਮ-ਸੇਵਾਦਾਰ | ਅੱਠਵੀ ਪਾਸ | 21-45 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | |

**VII.** ਕੇਂਦਰ ਵਿਚ ਰਿਹਾਇਸ਼ ਦੌਰਾਨ ਬੱਚਿਆਂ ਨੂੰ ਰਹਿਣ-ਸਹਿਣ, ਖਾਣ-ਪੀਣ, ਪੜਣ-ਲਿਖਣ ਅਤੇ ਹੋਰ ਸਹੂਲਤਾਂ ਮਹੱਈਆ ਕਰਵਾਈਆਂ ਜਾਣਗੀਆਂ। ਜਿਨਾਂ ਦਾ ਵੇਰਵਾ ਹੇਠ ਅਨੁਸਾਰ ਹੈ:-

1) ਬੱਚਿਆਂ ਦੇ ਰਿਹਾਇਸ਼ ਲਈ ਲੋੜੀਂਦੇ ਸਾਜੋ ਸਮਾਨ, ਉਹਨਾ ਦੇ ਸੌਣ ਲਈ ਬਿਸਤਰੇ, ਨਹਾਉਣ ਧੋਣ ਦਾ ਪ੍ਰਬੰਧ, ਸਾਫ ਸਫਾਈ ਲਈ ਤੇਲ, ਸਾਬਣ, ਤੋਲੀਆ, ਯੂਨੀਫਾਰਮ 2 ਸੈਟ, ਅੰਡਰ ਗਾਰਮੈਂਟ 2 ਸੈਟ, ਸਕੂਲ ਬੂਟ ਅਤੇ 1 ਜੋੜਾ ਚੱਪਲ, ਸਵੈਟਰ-2, ਟੂਥਪੇਸਟ, ਟੂਥ ਬ੍ਰਸ਼ ਹਰ

ਬੱਚੇ ਨੂੰ ਦੇਣਾ ਯਕੀਨੀ ਬਣਾਇਆ ਜਾਵੇਗਾ। ਇਸੇ ਤਰ੍ਹਾਂ ਹਰ ਬਾਥਰੂਮ ਵਿਚ ਬਾਲਟੀ ਅਤੇ ਮੱਗ ਹੋਣਾ ਲਾਜ਼ਮੀ ਹੋਵੇਗਾ।

2) ਸਾਰੇ ਬੱਚਿਆਂ ਨੂੰ ਮੁਫਤ ਕਿਤਾਂਬਾ, ਸਕੂਲ ਬੈਗ, ਸਟੇਸ਼ਨਰੀ (ਪੈਨ, ਪੈਨਸਲ, ਕਾਪੀਆਂ, ਸਲੇਟ, ਸਲੇਟੀ, ਰਬਰ, ਸਾਰਪਨਰ, ਜੁਮੈਟਰੀ ਬਾਕਸ) ਆਦਿ ਬੱਚੇ ਨੂੰ ਕੋਰਸ ਦੇ ਸੁਰੂ ਵਿਚ ਹੀ ਦੇਣਾ ਲਾਜਮੀ ਹੋਵੇਗਾ।

3) ਬਚਿਆਂ ਲਈ ਦੈਨਿਕ ਸਮਾ-ਸਾਰਣੀ ਹੇਠ ਅਨੁਸਾਰ ਹੋਵੇਗੀ:-

| **ਸ਼ਮਾ** | **ਗਤੀਵਿਧੀਆਂ** |
|---|---|
| ਸਵੇਰੇ 6:45 ਤੋਂ 7:00 | ਜਾਗਣਾ |
| 7:00 ਤੋਂ 7:30 | ਯੋਗਾ/ਸੇਵਰ ਦੀ ਕਸਰਤ |
| 7:30 ਤੋਂ 9:00 | ਪਖਾਨਾ ਜਾਣਾ, ਬੁਰਸ ਕਰਨਾ ਅਤੇ ਨਹਾਉਣਾ |
| 9:00 ਤੋਂ 9:30 | ਨਾਸ਼ਤਾ |
| 9:30 ਤੋਂ 10:00 | ਸ਼ਵੇਰ ਦੀ ਸਭਾ |
| 10:00 ਵਜੇ ਤੋਂ ਦੁਪਿਹਰ 1:00 ਵਜੇ ਤੱਕ | ਬ੍ਰਿਜ ਕੋਰਸ ਅਤੇ ਜੀਵਨ ਜਾਂਚ ਦੀਆਂ ਜਮਾਤਾਂ |
| ਦੁਪਿਹਰ 1:00 ਤੋਂ 2:00 | ਦੁਪਿਹਰ ਦਾ ਖਾਣਾ |
| 2:00 ਤੋਂ 3:30 | ਜਮਾਤਾਂ |
| 3:30 ਤੋਂ 4:30 | Rest/Extra curricular activites |
| 4:30 ਤੋਂ ਸ਼ਾਮ 5:00 ਵਜੇ | ਚਾਹ ਅਤੇ ਸਨੈਕਸ |
| 5:00 ਤੋਂ 7:30 | ਖੇਡਣਾ-ਕੁਦਣਾ ਅਤੇ ਟੀ.ਵੀ ਦੇਖਣਾ |
| 7:30 ਤੋਂ ਰਾਤ 8:30 ਵਜੇ | ਰਾਤ ਦਾ ਖਾਣਾ |
| 8:30 ਤੋਂ 9:00 | ਕੇਂਦਰ ਵਿਚ ਸ਼ਾਮ ਦੀ ਸੈਰ |
| 9:00 ਵਜੇ | ਸੌਣ ਦਾ ਸਮਾਂ |

4) ਪੂਰੇ ਹਫਤੇ ਦੀ ਭੋਜਨ ਸੂਚੀ ਦਾ ਦਿਨਵਾਰ ਮੈਨਿਉ ਜਿ.ਸਿੱ. ਅਫਸਰ (ਐ.ਸਿੱ) ਤੋਂ ਮੰਜ਼ੂਰ ਕਰਵਾ ਕੇ ਕੇਂਦਰ ਵਿਚ ਪ੍ਰਮੁੱਖ ਸਥਾਨ ਤੇ ਲੱਗਾ ਹੋਵੇ ਅਤੇ ਉਸ ਅਨੁਸਾਰ ਹੀ ਬੱਚਿਆਂ ਨੂੰ ਭੋਜਨ ਦਿਤਾ ਜਾਣਾ ਲਾਜ਼ਮੀ ਹੋਵੇਗਾ। ਖਾਣੇ ਦੀ ਗੁਣਵੱਤਾ/ਤਾਜ਼ਗੀ ਅਤੇ ਸਾਫ ਸਫਾਈ ਵਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

5) ਕੇਂਦਰ ਵਿਚ ਖਾਣਾ ਬਨਾਉਣ ਲਈ ਰਸੋਈ ਅਤੇ ਰਸੋਈ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਦਾ ਪ੍ਰਬੰਧ ਆਰਜ਼ੀ ਤੌਰ ਤੇ ਭਾਈਚਾਰੇ ਦੀ ਸ਼ਮੂਲੀਅਤ ਨਾਲ ਕੀਤਾ ਜਾਵੇਗਾ।

6) ਕੇਂਦਰ ਨੂੰ ਚਲਾਉਣ ਲਈ ਕੋਈ ਵੀ ਸਾਜੋ-ਸਮਾਨ ਪੱਕੀ ਐਸੈਟੱ ਵਜ਼ੋ ਨਹੀ ਖਰੀਦੀ ਜਾਵੇਗੀ।

7) ਕਿਸੇ ਬੱਚੇ ਦੀ ਤਬੀਅਤ ਖਰਾਬ ਹੋਣ ਦੀ ਸੂਰਤ ਵਿਚ ਡਾਕਟਰੀ ਸਹਾਇਤਾ ਤੁਰੰਤ ਉਪਲੱਬਧ ਕਰਵਾਈ ਜਾਵੇਗੀ।

## ਅ) <u>ਅਕਾਦਮਿਕ ਦਿਸ਼ਾ ਨਿਰਦੇਸ਼</u>

**I.** ਬੱਚਿਆਂ ਨੂੰ ਉਹਨਾ ਦੀ ਆਯੂਗੁਟ ਅਤੇ ਮਾਨਸਿਕ ਪੱਧਰ ਅਨੁਸਾਰ ਬ੍ਰਿਜ ਕੋਰਸ- I, II ਅਤੇ III 9 ਮਹੀਨੇ ਦੇ ਸਮੇਂ ਦੌਰਾਨ ਕਰਵਾਏ ਜਾਣਗੇ। ਕੋਰਸ ਪੂਰਾ ਹੋਣ ਤੇ ਇਹਨਾ ਬੱਚਿਆਂ ਨੂੰ ਇਹਨਾ ਦੀ ਰਿਹਾਇਸ਼ ਦੇ ਨੇੜਲੇ ਫਾਰਮਲ ਰੈਗੂਲਰ ਸਕੂਲ ਵਿਚ ਯੋਗ ਜਮਾਤ ਵਿਚ ਦਾਖਲ ਕੀਤਾ ਜਾਵੇਗਾ।

**II.** ਆਰ.ਬੀ.ਸੀ ਵਿਚ ਦਾਖਲ ਹੋਣ ਵਾਲੇ ਬੱਚਿਆਂ ਦਾ ਮੁਢਲਾ ਮੁਲੰਕਣ (Base line) ਮੱਧ ਕੋਰਸ ਮੁਲੰਕਣ (Mid-Term Evaluation) ਅਤੇ ਆਖਰੀ ਮੁਲੰਕਣ (Final Evaluation) ਜ਼ਿਲ੍ਹਾ ਏ.ਆਈ.ਈ ਕੋ-ਆਡੀਨੇਟਰ ਅਤੇ ਜ਼ਿਲ੍ਹਾ ਮਾਸਟਰ ਟ੍ਰੇਨਰ (DMT Parroh Punjab)ਵਲੋਂ ਕਰਨਾ ਲਾਜ਼ਮੀ ਹੋਵੇਗਾ।

**III.** ਪ੍ਰੋਗ੍ਰਾਮ ਦਾ ਸਮੇਂ-ਸਮੇਂ ਤੇ ਕੀਤਾ ਜਾਣ ਵਾਲਾ ਮੁਲੰਕਣ (Evaluation) ਦੀ ਰਿਪੋਰਟ ਮੁਖ ਦਫਤਰ ਨੂੰ ਭੇਜੀ ਜਾਵੇਗੀ।

**IV.** ਆਰ.ਬੀ.ਸੀ ਕੇਂਦਰ ਨੂੰ ਉਪਰੋਕਤ ਦੱਸੇ ਗਏ ਦਿਸ਼ਾ ਨਿਰਦੇਸ਼ ਅਨੁਸਾਰ ਚਲਾਉਣਾ ਹੋਵੇਗਾ।

**V.** ਕੋਰਸ ਦੇ ਅੰਤ ਵਿਚ ਬੱਚਿਆਂ ਨੂੰ ਫਾਰਮਲ ਸਕੂਲ ਵਿਚ ਦਾਖਲ ਕਰਵਾਉਣ ਦੀ ਸਮੁੱਚੀ ਜਿਮੇਵਾਰੀ ਜ਼ਿਲ੍ਹਾ ਏ.ਆਈ.ਈ ਕੋਆਡੀਨੇਟਰ/ਜ਼ਿ.ਸਿੱ. ਅਫਸਰ (ਐ.ਸਿੱ) ਦੀ ਹੋਵੇਗੀ।

## ੲ) ਵਿੱਤੀ ਦਿਸ਼ਾ ਨਿਰਦੇਸ਼

**I.** ਆਰ.ਬੀ.ਸੀ ਕੇਂਦਰ ਵਿਚ ਦਾਖਲ ਕੀਤੇ ਗਏ ਬੱਚਿਆਂ ਲਈ 10,000/- ਪ੍ਰਤੀ ਬੱਚੇ ਦੇ ਹਿਸਾਬ ਨਾਲ 9 ਮਹੀਨੇ ਦੇ ਸਮੂਚੇ ਕੋਰਸ ਲਈ ਰਾਸ਼ੀ ਦਿੱਤੀ ਜਾਵੇਗੀ।

**II.** ਕੇਂਦਰ ਨੂੰ ਚਲਾਉਣ, ਪੂਰੇ ਅਮਲੇ ਦਾ ਮਿਹਨਤਾਨਾ ਅਤੇ ਬੱਚਿਆਂ ਨੂੰ ਹੋਰ ਸਾਰੀਆਂ ਸਹੂਲਤਾ ਮੁੱਹਈਆ ਕਰਵਾਉਣ ਤੇ ਆਉਣ ਵਾਲਾ ਸਮੂਹ ਖਰਚਾ 10,000/- ਰੁਪਏ ਪ੍ਰਤੀ ਬੱਚੇ ਦੀ ਗ੍ਰਾਂਟ ਵਿਚੋਂ ਹੀ ਕੀਤਾ ਜਾਵੇਗਾ।

**III.** ਕੇਂਦਰ ਨੂੰ ਪ੍ਰਾਪਤ ਹੋਈ ਰਕਮ ਅਤੇ ਵੱਖ-ਵੱਖ ਗਤੀਵਿਧੀਆਂ ਤੇ ਕੀਤੇ ਗਏ ਸਮੂਹ ਖਰਚੇ ਦਾ ਹਿਸਾਬ-ਕਿਤਾਬ ਆਰ.ਬੀ.ਸੀ ਵਾਰਡਨ ਵਲੋਂ ਰੱਖਿਆ ਜਾਵੇਗਾ।

**IV.** CAG ਜਾਂ AG Punjab ਜਾਂ ਵਿਭਾਗ ਦੀ ਮੰਗ ਅਨੁਸਾਰ ਲੋੜੀਂਦਾ ਰਿਕਾਰਡ ਆਰ.ਬੀ.ਸੀ ਵਾਰਡਨ ਅਤੇ ਸਟਾਫ ਵਲੋਂ ਸਮੇਂ-ਸਮੇਂ ਤੇ ਉਪੱਲਭਧ ਕਰਵਾਇਆ ਜਾਵੇਗਾ।

**V.** ਵਾਰਡਨ ਵਲੋਂ ਦਿੱਤੇ ਅਨੁਮਾਨਤ ਖਰਚੇ ਦੇ ਅਧਾਰ ਤੇ ਮਹੀਨਾਵਾਰ ਫੰਡਜ਼ ਜ਼ਿ.ਸਿੱ. ਅਫਸਰ (ਐ.ਸਿੱ) ਵਲੋਂ ਜਾਰੀ ਕੀਤੇ ਜਾਣਗੇ। ਇਹਨਾ ਫੰਡਾ ਦੀ ਮਹੀਨਾਵਾਰ ਖਰਚਾ ਸੂਚੀ ਅਤੇ ਵਰਤੋਂ ਸਰਟੀਫੀਕੇਟ ਵਾਰਡਨ ਵਲੋਂ ਭੇਜਣਾ ਲਾਜ਼ਮੀ ਹੋਵੇਗਾ।

**VI.** ਆਰ.ਬੀ.ਸੀ ਦਾ ਸਾਰਾ ਭੌਤਿਕ ਅਤੇ ਵਿੱਤੀ ਰਿਕਾਰਡ ਜ਼ਿ.ਸਿੱ. ਅਫਸਰ (ਐ.ਸਿੱ) ਦੇ ਦਫਤਰ ਵਿਖੇ ਹੀ ਹਿਫਾਜ਼ਤ ਹੇਠ ਰੱਖਿਆ ਜਾਵੇਗਾ।

**-ਸਹੀ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ ਪੰਜਾਬ**